2028/0302
01/01/2025

ਟੀ-1


# ਦਫਤਰ ਚੋਣਕਾਰ ਰਜਿਸਟ੍ਰੇਸ਼ਨ ਅਫਸਰ 095 ਮੌੜ ਵਿਧਾਨ ਸਭਾ ਚੋਣ ਹਲਕਾ

## ਕਮ-ਉਪ ਮੰਡਲ ਮੈਜਿਸਟਰੇਟ, ਮੌੜ

**Office of the Electoral Registration Office 095 Maur (AC)**
**Cum-Sub Divisional Magistrate, Maur**
(Room No: 104, Election Cell, SDM Office Maur)
E-mail ID:- ero-95@punjab.gov.in, sdmmaurmandi@gmail.com


ਵੱਲ,

ਸਮੂਹ ਸੁਪਰਵਾਈਜ਼ਰ ਸਾਹਿਬਾਨ/ਸਮੂਹ ਬੀ.ਐਲ.ਓਜ਼।
ਵਿਧਾਨ ਹਲਕਾ-095
ਮੌੜ।

ਪੱਤਰ ਨੰ. 531 ਚੋਣਾਂ                ਮਿਤੀ 01.01.2026

ਵਿਸ਼ਾ: ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਰੱਖੀ ਗਈ ਵੀਡਿਓ ਕਾਨਫਰੰਸ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵੱਲੋਂ ਮਿਤੀ 05.01.2026 ਅਤੇ ਮਿਤੀ 06.01.2026 ਨੂੰ ਮੁੱਖ ਚੋਣ ਅਫਸਰ ਜੀ ਨਾਲ ਵੀਡਿਓ ਕਾਨਫਰੰਸ ਰੱਖੀ ਗਈ ਹੈ। ਇਸ ਮੀਟਿੰਗ ਸਬੰਧੀ ਹੇਠ ਦਰਜ ਟਾਸਕ ਸਮੂਹ ਸੁਪਰਵਾਈਜ਼ਰ ਸਾਹਿਬਾਨ ਦੁਆਰਾ ਆਪਣੇ ਆਪਣੇ ਬੀ.ਐਲ.ਓਜ਼ ਤੋਂ ਮਿਤੀ 03.01.2026 ਤੱਕ ਪੂਰੇ ਕਰਵਾਉਣੇ ਯਕੀਨੀ ਬਣਾਏ ਜਾਣ, ਤਾਂ ਜੋ ਮੀਟਿੰਗ ਸਬੰਧੀ ਰਿਪੋਰਟ ਸਮੇਂ ਸਿਰ ਭੇਜੀ ਜਾ ਸਕੇ। ਇਹ ਕੰਮ ਭਵਿੱਖ ਵਿੱਚ ਹੋਣ ਵਾਲੀਆਂ ਚੋਣਾਂ ਲਈ ਅਹਿਮ ਰੋਲ ਅਦਾ ਕਰਦੇ ਹਨ, ਜੋ ਇਸ ਕੰਮ ਨੂੰ ਦਿੱਤੇ ਹੋਏ ਸਮੇਂ ਵਿੱਚ ਪੂਰਾ ਕਰਨ ਲਈ ਸਮੂਹ ਸੁਪਰਵਾਈਜ਼ਰ ਸਾਹਿਬਾਨ/ਬੀ.ਐਲ.ਓਜ਼ ਜ਼ਿੰਮੇਵਾਰ ਹੋਣਗੇ ਅਤੇ ਇਸ ਕੰਮ ਵਿੱਚ ਕਿਸੇ ਵੀ ਕਿਸਮ ਦੀ ਅਣਗਹਿਲੀ ਨਾ ਕੀਤੀ ਜਾਵੇ।

1. DSE Processing within AC and DSE Processing within Part
2. Form No 6,7 and 8 ਦੀ ਫੀਲਡ ਵੈਰੀਫਿਕੇਸ਼ਨ ਮੁਕੰਮਲ ਕੀਤੀ ਜਾਵੇ।
3. ਬੀ.ਐਲ.ਓ. ਐਪ ਵਿੱਚ S.I.R. ਮੈਪਿੰਗ ਦਾ ਕੰਮ ਮੁਕੰਮਲ ਕੀਤਾ ਜਾਵੇ।

ਜੇਕਰ ਕਿਸੇ ਬੀ.ਐਲ.ਓ. ਨੂੰ ਕੰਮ ਕਰਨ ਵਿੱਚ ਕੋਈ ਮੁਸ਼ਕਿਲ ਆਉਂਦੀ ਹੈ, ਤਾਂ ਉਹ ਨਿੱਜੀ ਤੌਰ ਤੇ ਦਫਤਰ ਵਿੱਚ ਸੰਪਰਕ ਕਰਨ।

ਨੱਥੀ ਲਿਸਟਾਂ

ਚੋਣਕਾਰ ਰਜਿਸਟਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, 095 ਮੌੜ।

ਪਿੱਠ ਅੰਕਣ ਨੰ: 532-33/ਚੋਣਾਂ        ਮਿਤੀ 01.01.2026

ਇਸ ਦਾ ਇੱਕ ਉਤਾਰਾ :-

1. ਮਾਣਯੋਗ ਜ਼ਿਲ੍ਹਾ ਚੋਣ ਅਫਸਰ, ਬਠਿੰਡਾ ਜੀ ਪਾਸ ਸੂਚਨਾ ਹਿੱਤ ਭੇਜਿਆ ਜਾਂਦਾ ਹੈ।
2. ਜ਼ਿਲ੍ਹਾ ਸਿੱਖਿਆ ਅਫਸਰ (ਸੈ:ਸਿ:/ਐ:ਸਿ:), ਬਠਿੰਡਾ ਪਾਸ ਭੇਜ ਕੇ ਲਿਖਿਆ ਜਾਂਦਾ ਹੈ ਕਿ ਆਪ ਦੇ ਅਧੀਨ ਆਉਂਦੇ ਕਰਮਚਾਰੀਆਂ ਤੋਂ ਪੱਤਰ ਵਿੱਚ ਦਰਜ ਟਾਸਕ ਨੂੰ ਸਮੇਂ ਸਿਰ ਮੁਕੰਮਲ ਕਰਵਾਉਣਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟ੍ਰੇਸ਼ਨ ਅਫਸਰ-ਕਮ-
ਉਪ ਮੰਡਲ ਮੈਜਿਸਟਰੇਟ, 095 ਮੌੜ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:) ਬਠਿੰਡਾ
ਪਿਠ ਅੰਕਣ ਨੰ: ਜੀ-ਪੀ/1/2026/6051 ਮਿਤੀ: 02/01/26
ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ (095 ਮੌੜ) ਭੇਜ ਕੇ ਲਿਖਿਆ ਜਾਂਦਾ ਹੈ ਕਿ ਸਬੰਧਤ ਕਰਮਚਾਰੀ ਨੂੰ ਉਕਤ ਅਨੁਸਾਰ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।

02/01/26
ਉਪ ਜਿਲ੍ਹਾ ਸਿੱਖਿਆ ਅਫਸਰ (ਸੈ:ਸਿ:)
ਬਠਿੰਡਾ।